## ਭਗਤ ਨਾਮਦੇਵ - ਸਬਦ ੬

## ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥

ਰਾਗੁ ਆਸਾ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੪੮੬

ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥
ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥
ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥
ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥
ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥
ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥

ਸਾਰ: ਬਾਹਰੀ ਭਟਕਣਾਵਾਂ ਜੋ ਨਿਰੰਤਰ ਸਾਡਾ ਧਿਆਨ ਖਿੱਚਦੀਆਂ ਹਨ, ਮਨ ਨੂੰ ਭਰਮਾਂ ਰਾਹੀਂ ਆਸਾਨੀ ਨਾਲ ਧੋਖਾ ਦੇ ਸਕਦੀਆਂ ਹਨ, ਅਤੇ ਸਾਨੂੰ ਅਸਥਾਈ ਸੁੱਖਾਂ ਨਾਲ ਭਰਮਾ ਸਕਦੀਆਂ ਹਨ। ਕੂੜ ਇੱਛਾਵਾਂ ਤੋਂ ਮੁਕਤੀ ਦਾ ਮਾਰਗ ਅੰਤਰੀਵੀ ਜਾਗ੍ਰਿਤੀ ਉਪਰ ਅਧਾਰਿਤ ਹੁੰਦਾ ਹੈ ਜੋ ਸਰਬਵਿਆਪੀ ਅਤੇ ਸਦੀਵੀ ਸਤਾ ਦੀ ਹੋਂਦ ਨੂੰ ਪਛਾਣਦਾ ਹੈ ਅਤੇ ਇਸ ਦੇ ਨਾਲ ਇਹ ਸੋਝੀ ਵੀ ਬਖ਼ਸ਼ਦਾ ਹੈ ਕਿ ਬਾਕੀ ਸਭ ਕੁਝ ਅਸਥਾਈ ਹੈ। ਇਹ ਬਿਬੇਕ, ਬੇਚੈਨ ਮਨ ਵਿਚ ਸਹਿਜਤਾ ਦਾ ਵਾਸ ਕਰਦਾ ਹੈ।  ਜਦੋਂ ਇਹ ਉਨ੍ਹਾਂ ਰੂਹਾਂ ਦਾ ਸੰਗੀ ਹੁੰਦਾ ਹੈ ਜੋ ਇਸਨੂੰ ਸਵੈ-ਚਿੰਤਨ, ਪ੍ਰਮਾਣਿਕਤਾ, ਅਤੇ ਸੱਚ ਨੂੰ ਮੂਰਤੀਮਾਨ ਕਰਨ ਲਈ ਪ੍ਰੇਰਿਤ ਕਰਦੀਆਂ ਹਨ ਤਾਂ ਇਹ ਵਿਗਾਸ ਰੂਪੀ ਬਸੰਤ ਦਾ ਅਨੰਦ ਮਾਣਦਾ ਹੈ।

ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥
ਜੋ ਸਰਵ-ਵਿਆਪੀ ਸਤਾ ਦੀ ਪਰਮ ਹਾਜ਼ਰਤਾ ਨੂੰ ਮਹਿਸੂਸ ਕਰਦਾ ਹੈ, ਉਹ ਕਿਸੇ ਇੱਛਾ ਜਾਂ ਹੋਰ ਸਹਾਰੇ ਦੀ ਆਸ ਨਹੀਂ ਰੱਖਦਾ।

ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥

ਸਰਵ ਵਿਆਪਕ ਸਤਾ ਨੂੰ ਸਮਰਪਿਤ ਅਤੇ ਇਸਦੀ ਹਾਜ਼ਰਤਾ ਨੂੰ ਵਿਚਾਰਦੇ ਹੋਏ, ਮਨ ਬੇਪ੍ਰਵਾਹੀ ਦੇ ਆਲਮ ਵਿਚ ਰਹਿੰਦਾ ਹੈ। (੧)

ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥

ਜੇਕਰ ਮਨ ਬੁਰੇ ਇਰਾਦਿਆਂ ਨਾਲ ਭਰਪੂਰ ਹੈ ਤਾਂ ਇਹ ਸੰਸਾਰਕ ਸਮੁੰਦਰ ਨੂੰ ਕਿਵੇਂ ਪਾਰ ਕਰ ਸਕਦਾ ਹੈ?

ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥

ਝੂਠੇ ਭਰਮਾਂ ਵਿਚ ਫਸ ਕੇ, ਮਨ ਕੁਰਾਹੇ ਪੈ ਗਿਆ ਹੈ। (੧)(ਠਹਿਰਾਉ)

ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥

ਭਾਵੇਂ ਮੈਂ ਛੀਂਬੇ ਪਰਿਵਾਰ ਵਿਚ ਜੰਮਿਆ ਸੀ, ਪਰ ਅਗਿਆਨਤਾ ਤੋਂ ਪ੍ਰਕਾਸ਼ ਵੱਲ ਲੈ ਜਾਣ ਵਾਲੇ ਬਿਬੇਕ ਨੇ ਮੈਨੂੰ ਸਰਵ ਵਿਆਪਕ ਸਤਾ ਬਾਰੇ ਜਾਗ੍ਰਿਤ ਕਰਵਾਇਆ ਹੈ।

ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥

ਨਾਮਦੇਵ ਕਹਿੰਦੇ ਹਨ ਕਿ ਰੂਹਾਨੀ ਗਿਆਨ ਦੀ ਕਿਰਪਾ ਦੁਆਰਾ ਉਨ੍ਹਾਂ ਨੂੰ ਸਰਬ-ਵਿਆਪਕ ਸਤਾ ਦਾ ਅਨੁਭਵ ਹੋਇਆ ਹੈ। (੨)(੫)

ਤੱਤ: ਭਗਤ ਨਾਮਦੇਵ ਮਨ ਨੂੰ ਬੇਚੈਨ ਕਰਨ ਵਾਲੀਆਂ ਭਟਕਣਾਂਵਾਂ ਅਤੇ ਸਵੈ-ਜਾਗਰੂਕਤਾ ਤੋਂ ਆਉਣ ਵਾਲੀ ਸਹਿਜਤਾ ਬਾਰੇ ਇਕ ਕੀਮਤੀ ਤੱਥ ਸਾਂਝਾ ਕਰਦੇ ਹਨ। ਉਹ ਆਪਣੇ ਨਿਮਾਣੇ ਅਗਾਜ਼ 'ਤੇ ਵਿਚਾਰ ਕਰਦੇ ਹੋਏ ਇਹ ਦਰਸਾਉਂਦੇ ਹਨ ਕਿ ਜਾਗਰੂਕਤਾ ਹਰ ਇਕ ਦੀ ਪਹੁੰਚ ਵਿਚ ਹੈ, ਭਾਵੇਂ ਕਿਸੇ ਦਾ ਪਿਛੋਕੜ ਕੋਈ ਵੀ ਹੋਵੇ। ਅਨੁਭਵੀ ਸਿੱਖਿਆ ਅਤੇ ਸੋਧਿਤ ਬਿਬੇਕ ਰਾਹੀਂ, ਅਸੀਂ ਭਰਮ ਰੂਪੀ ਸਾਗਰ ਪਾਰ ਕਰ ਸਕਦੇ ਹਾਂ। ਉਹ ਸਾਨੂੰ ਇਨ੍ਹਾਂ ਭਟਕਾਣਾਵਾਂ ਤੋਂ ਮੁਕਤ ਹੋਣ, ਸਹਿਜਤਾ ਅਤੇ ਸੱਚ ਵਿਚ ਸਮਾਉਣ ਲਈ ਉਤਸ਼ਾਹਿਤ ਕਰਦੇ ਹਨ, ਜਿਥੇ ਰੁਪਾਂਤ੍ਰਣ ਰੂਪੀ ਝਰਨਾ ਸਹਿਜ ਸੁਭਾਏ ਫੁੱਟਦਾ ਹੈ।

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**